* अजीत
दिनांक- 26 जुलाई 2012, वीरवार
पृष्ठ नं- 13

# ਕੇਂਦਰ ਅੰਦਰ ਗਠਜੋੜ ਸਰਕਾਰਾਂ ਸਮੇਂ ਦੀ ਜ਼ਰੂਰਤ-ਕਪਿਲ ਸਿੱਬਲ

ਅਜੀਤਗੜ੍ਹ, 25 ਜੁਲਾਈ (ਕੇ. ਐੱਸ. ਰਾਣਾ)-ਕੇਂਦਰ ਅੰਦਰ ਗਠਜੋੜ ਸਰਕਾਰਾਂ ਸਮੇਂ ਦੀ ਜ਼ਰੂਰਤ ਹਨ ਜਿਨ੍ਹਾਂ ਨੂੰ ਨਕਾਰਿਆ ਨਹੀਂ ਜਾ ਸਕਦਾ। ਵਿਸ਼ਵ ਅੰਦਰ ਵੱਖ-ਵੱਖ ਦੇਸ਼ਾਂ ਅੰਦਰ ਸਾਥੀ ਦਲਾਂ 'ਚ ਭਾਰੀ ਮਤਭੇਦ ਹੋਣ ਦੇ ਬਾਵਜੂਦ ਇਹ ਸਫਲਤਾਪੂਰਵਕ ਚੱਲ ਰਹੀਆਂ ਹਨ। ਇਹ ਵਿਚਾਰ ਕੇਂਦਰੀ ਮਨੁੱਖ ਸ੍ਰੋਤ ਮੰਤਰੀ ਕਪਿਲ ਸਿੱਬਲ ਨੇ ਅੱਜ ਇਥੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਪੇਸ਼ ਕੀਤੇ। ਉਹ ਇਥੇ ਸੈਕਟਰ 81 'ਚ ਸਥਿਤ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ ਸੈਂਟਰ ਦੇ ਸਮਾਰੋਹ ਦੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਆਏ ਸਨ। ਸ੍ਰੀ ਸਿੱਬਲ ਨੇ ਕੇਂਦਰੀ ਸਰਕਾਰ ਦੀਆਂ ਸਹਿਯੋਗੀ ਪਾਰਟੀਆਂ ਵੱਲੋਂ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਬਣਾਏ ਜਾ ਰਹੇ ਦਬਾਓ ਦਾ ਜਵਾਬ ਦੇਣ ਦੀ ਬਜਾਏ ਇਹ ਕਹਿਕੇ ਟਾਲ ਦਿੱਤਾ ਕਿ ਉਹ ਜੋ ਵੀ ਪੁੱਛਣਾ ਚਾਹੁੰਦੇ ਹਨ, ਇਸ ਇੰਸਟੀਚਿਊਟ ਤੇ ਨਵੇਂ ਬਣੇ ਰਾਸ਼ਟਰਪਤੀ ਬਾਰੇ ਪੁਛਣ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਦਾ ਬਦਲ ਜ਼ਰੂਰ ਮਿਲਦਾ ਹੈ ਤੇ ਪ੍ਰਣਾਬ ਮੁਖਰਜੀ ਦਾ ਬਦਲ ਵੀ ਪਾਰਟੀ ਨੂੰ ਮਿਲ ਜਾਵੇਗਾ। ਉਨ੍ਹਾਂ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਹਮੇਸ਼ਾਂ ਨਾਕਾਰਾਤਮਕ ਖ਼ਬਰਾਂ ਦੀ ਬਜਾਏ ਸਾਕਾਰਾਤਮਕ ਦ੍ਰਿਸ਼ਟੀਕੋਣ ਨਾਲ ਲੋਕਾਂ ਦਾ ਮਾਰਗ ਦਰਸ਼ਨ ਕਰੇ। ਉਨ੍ਹਾਂ ਸੰਸਥਾ ਦੇ 26 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਇਸ ਮੌਕੇ ਸੰਸਥਾ ਦੇ ਬੋਰਡ ਆਫ ਗਵਰਨਰਸ ਦੇ ਚੇਅਰਮੈਨ ਪ੍ਰੋਫੈਸਰ ਆਰ. ਏ ਮਸ਼ਲੇਕਰ, ਪ੍ਰਧਾਨ ਮੰਤਰੀ ਦੇ ਸਲਾਹਕਾਰ ਬੋਰਡ ਦੇ ਚੇਅਰਮੈਨ ਪ੍ਰੋ: ਸੀ. ਐਨ. ਆਰ. ਰਾਓ, ਸੰਸਥਾ ਦੇ ਡਾਇਰੈਕਟਰ ਪ੍ਰੋਫੈਸਰ ਐਨ ਸਤਿਆ ਮੂਰਤੀ ਵੀ ਮੌਜੂਦ ਸਨ।



ਅਜੀਤਗੜ੍ਹ ਵਿਖੇ ਕਪਿਲ ਸਿੱਬਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਤਸਵੀਰ : ਅਮਰਜੀਤ ਰਤਨ